OIDO ਆਫਿਸ ਔਫ਼ ਦਿ ਇਮੀਗ੍ਰੇਸ਼ਨ ਡਿਟੈਂਸ਼ਨ ਓਮਬਡਸਮੈਨ (OIDO)

# ਮਦਦ ਚਾਹੀਦੀ ਹੈ?

**ਆਫਿਸ ਔਫ਼ ਦਿ ਇਮੀਗ੍ਰੇਸ਼ਨ ਡਿਟੈਂਸ਼ਨ ਓਮਬਡਸਮੈਨ (OIDO) ਇੱਕ ਸੁਤੰਤਰ ਅਤੇ ਨਿਰਪੱਖ ਦਫ਼ਤਰ ਹੈ–ICE ਅਤੇ CBP ਤੋਂ ਵੱਖ–ਜੋ ਕਿ ਅਮਰੀਕੀ ਇਮੀਗ੍ਰੇਸ਼ਨ ਹਿਰਾਸਤ ਅਤੇ ਨਜ਼ਰਬੰਦੀ ਵਿੱਚ ਰੱਖੇ ਗਏ ਸਾਰੇ ਵਿਅਕਤੀਆਂ ਲਈ ਸੁਹਿਰਦਤਾ ਪੂਰਨ ਵਿਵਹਾਰ ਅਤੇ ਸੁਰੱਖਿਅਤ ਰਹਿਣ ਦੀਆਂ ਸਥਿਤੀਆਂ ਪ੍ਰਦਾਨ ਕਰਨ ਲਈ ਵਚਨਬੱਧ ਹੈ।**

ਤੁਸੀਂ ਕਿਸੇ ਵੀ ਮੁੱਦੇ—ਜਿਵੇਂ ਕਿ ਦੁਰਵਿਵਹਾਰ, ਨਾਕਾਫ਼ੀ ਭੋਜਨ ਜਾਂ ਡਾਕਟਰੀ ਇਲਾਜ, ਜਾਂ ਰਹਿਣ-ਸਹਿਣ ਦੀਆਂ ਮਾੜੀਆਂ ਜਾਂ ਅਸੁਰੱਖਿਅਤ ਸਥਿਤੀਆਂ—ਬਾਰੇ ਆਪਣੀ ਸਹੂਲਤ ਵਿੱਚ OIDO ਕੇਸ ਮੈਨੇਜਰ ਨੂੰ ਰਿਪੋਰਟ ਕਰ ਸਕਦੇ ਹੋ।

**ਸਰੀਰਕ, ਮਾਨਸਿਕ, ਜਾਂ ਭਾਵਨਾਤਮਕ ਦੁਰਵਿਵਹਾਰ**

**ਨਾਕਾਫ਼ੀ ਭੋਜਨ ਜਾਂ ਡਾਕਟਰੀ ਇਲਾਜ**

**ਰਹਿਣ-ਸਹਿਣ ਦੀਆਂ ਮਾੜੀਆਂ ਜਾਂ ਅਸੁਰੱਖਿਅਤ ਸਥਿਤੀਆਂ**

OIDO ਕੋਲ ਦਾਇਰ ਕੀਤੀਆਂ ਸ਼ਿਕਾਇਤਾਂ ਗੁਪਤ ਹੁੰਦੀਆਂ ਹਨ, ਅਤੇ ਕੇਸ ਮੈਨੇਜਰ ਤੁਹਾਡੀ ਰਜ਼ਾਮੰਦੀ ਤੋਂ ਬਿਨਾਂ ਤੁਹਾਡੇ ਕੇਸ ਬਾਰੇ ਕੋਈ ਵੀ ਜਾਣਕਾਰੀ ਪ੍ਰਗਟ ਨਹੀਂ ਕਰਨਗੇ। ਕਿਸੇ OIDO ਕੇਸ ਮੈਨੇਜਰ ਨਾਲ ਗੱਲ ਕਰਨ ਜਾਂ ਸ਼ਿਕਾਇਤ ਦਰਜ ਕਰਨ ਨਾਲ ਤੁਹਾਡੇ ਇਮੀਗ੍ਰੇਸ਼ਨ ਕੇਸ ਜਾਂ ਨਜ਼ਰਬੰਦੀ ਸਥਿਤੀ 'ਤੇ ਕੋਈ ਅਸਰ ਨਹੀਂ ਪਵੇਗਾ।

OIDO ਕੇਸ ਮੈਨੇਜਰ ਤਜਰਬੇਕਾਰ ਅਤੇ ਸਿਖਲਾਈ ਪ੍ਰਾਪਤ ਪੇਸ਼ੇਵਰ ਹੁੰਦੇ ਹਨ ਜੋ ਇਮੀਗ੍ਰੇਸ਼ਨ ਨਜ਼ਰਬੰਦੀ ਸੰਬੰਧੀ ਮੁੱਦਿਆਂ ਅਤੇ ਸਹੂਲਤਾਂ ਨੂੰ ਸਮਝਦੇ ਹਨ ਅਤੇ ਤੁਹਾਡੀ ਮਦਦ ਕਰਨ ਲਈ ਤਿਆਰ ਹੁੰਦੇ ਹਨ।

**ਸ਼ਿਕਾਇਤ ਦਰਜ ਕਰਨ ਲਈ, ਆਪਣੀ ਸਹੂਲਤ ਦੇ OIDO ਕੇਸ ਮੈਨੇਜਰ ਨਾਲ ਗੱਲ ਕਰਨ ਲਈ ਕਹੋ। ਤੁਹਾਡਾ ਪਰਿਵਾਰ, ਕਾਨੂੰਨੀ ਨੁਮਾਇੰਦਾ, ਜਾਂ ਕੋਈ ਹੋਰ ਐਡਵੋਕੇਟ ਵੀ ਤੁਹਾਡੇ ਵੱਲੋਂ dhs.gov/OIDO 'ਤੇ ਸ਼ਿਕਾਇਤ ਦਰਜ ਕਰ ਸਕਦੇ ਹਨ।**